ਨੰ: 22/2/2012-3ਐਫ.ਪੀ.2/257

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ, ਚੰਡੀਗੜ 30 ਅਕਤੂਬਰ, 2015

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਮੰਡਲਾਂ ਦੇ ਕਮਿਸ਼ਨਰ,
ਸਮੂਹ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ,
ਸਮੂਹ ਡਿਪਟੀ ਕਮਿਸ਼ਨਰਜ਼,
ਪੰਜਾਬ ਰਾਜ ਵਿਚ।

ਵਿਸ਼ਾ:- ਪੰਜਾਬ ਸਰਕਾਰ ਦੇ ਸਰਕਾਰੀ ਕਰਮਚਾਰੀਆਂ ਦੇ ਸੇਵਾ ਕਾਲ ਵਿਚ 58/60 ਸਾਲ ਦੀ ਉਮਰ ਪੂਰੀ ਹੋਣ ਤੇ ਸੇਵਾ ਨਵਿਰਤੀ ਤੋਂ ਬਾਅਦ 2 ਸਾਲ (ਸਾਲ ਵਾਰ) ਤੱਕ ਦਾ ਵਾਧਾ ਕਰਨ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਦੀ ਲਗਾਤਾਰਤਾ ਵਿਚ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ, ਜਿਲਦ-1, ਭਾਗ-1 ਅਤੇ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ, ਜਿਲਦ-2, ਵਿਚ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਵੱਲੋਂ ਜਾਰੀ ਨੋਟੀਫਿਕੇਸ਼ਨ ਨੰ:**G.S.R.57/Const./Art.309/Amd./2015,** ਮਿਤੀ 30 ਅਕਤੂਬਰ, 2015 ਅਤੇ ਨੰ:**G.S.R.58/Const./Art.309/Amd./2015,** ਮਿਤੀ 30 ਅਕਤੂਬਰ, 2015 ਰਾਹੀਂ ਕੀਤੀ ਸੋਧ ਅਨੁਸਾਰ ਹੇਠਾਂ ਦਰਸਾਈਆਂ ਸ਼ਰਤਾਂ ਭਵਿੱਖ ਵਿਚ ਲਾਗੂ ਹੋਣਗੀਆਂ:-

(ੳ) ਸਰਕਾਰੀ ਕਰਮਚਾਰੀ ਜੋ ਗਰੁੱਪ-ਏ, ਬੀ ਅਤੇ ਸੀ ਸੇਵਾ ਵਿਚ ਹਨ, ਦੀ 58 ਸਾਲ ਦੀ ਉਮਰ ਪੂਰੀ ਹੋਣ ਤੇ ਸੇਵਾ ਨਵਿਰਤੀ ਉਪਰੰਤ ਅਤੇ ਉਹ ਕਰਮਚਾਰੀ ਜੋ ਗਰੁੱਪ-ਡੀ ਸੇਵਾ ਵਿਚ ਹਨ, ਦੀ 60 ਸਾਲ ਦੀ ਉਮਰ ਪੂਰੀ ਹੋਣ ਤੇ ਸੇਵਾ ਨਵਿਰਤੀ ਉਪਰੰਤ 2 ਸਾਲ (ਸਾਲ ਵਾਰ) ਤੱਕ ਸੇਵਾ ਵਿਚ ਵਾਧਾ ਕਰਨ ਦਾ ਉਪਬੰਧ ਕੀਤਾ ਗਿਆ ਹੈ ਜਿਸ ਬਾਬਤ ਉਹ ਆਪਣੀ ਆਪਸ਼ਨ ਇਨ੍ਹਾਂ ਹਦਾਇਤਾਂ ਨਾਲ ਨੱਥੀ ਕੀਤੇ ਪ੍ਰੋਫਾਰਮੇ (ਅਨੈਕਸਚਰ-'ੳ') ਵਿਚ ਸੇਵਾ ਨਵਿਰਤੀ ਹੋਣ ਤੋਂ 3 ਮਹੀਨੇ ਦੇ ਅੰਦਰ ਅੰਦਰ ਦੇਣਗੇ।

(ਅ) ਜਿਹੜੇ ਸਰਕਾਰੀ ਕਰਮਚਾਰੀ ਮੌਜੂਦਾ ਸਮੇਂ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਦੇ ਉਪਬੰਧਾਂ ਅਨੁਸਾਰ ਆਪਣੇ ਪਹਿਲੇ ਸਾਲ ਜਾਂ ਦੂਜੇ ਸਾਲ ਦੇ ਵਾਧੇ ਵਿਚ ਹਨ, ਵੀ ਆਪਣੀ ਆਪਸ਼ਨ ਪ੍ਰੋਫਾਰਮੇ (ਅਨੈਕਸਚਰ-'ਅ') ਵਿਚ ਦੁਬਾਰਾ ਦੇਣਗੇ।

(ੲ) ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ, ਜਿਲਦ-1, ਭਾਗ-1, ਅਤੇ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ, ਜਿਲਦ-2, ਦੇ ਸੋਧੇ ਉਪਬੰਧਾਂ ਅਨੁਸਾਰ ਜਿਹੜੇ ਸਰਕਾਰੀ ਕਰਮਚਾਰੀ 58 ਸਾਲ ਜਾਂ 60 ਸਾਲ ਦੀ ਉਮਰ ਪੂਰੀ ਹੋਣ ਤੇ ਸੇਵਾ ਨਵਿਰਤੀ ਤੋਂ ਬਾਅਦ 2 ਸਾਲ (ਸਾਲ ਵਾਰ) ਤੱਕ ਦੇ ਵਾਧੇ ਲਈ ਆਪਣੀ ਆਪਸ਼ਨ ਦੇਣਗੇ, ਨੂੰ ਹੇਠਾਂ ਦਿੱਤੇ ਲਾਭ ਨਹੀਂ ਦਿੱਤੇ ਜਾਣਗੇ:-

(i) ਤਰੱਕੀ;

(ii) ਏ.ਸੀ.ਪੀ. ਦਾ ਲਾਭ;

(iii) ਸਾਲਾਨਾ ਵਾਧਾ; ਅਤੇ

(iv) ਸਰਕਾਰ ਵੱਲੋਂ ਸੋਧੇ ਤਨਖਾਹ ਸਕੇਲ।

ਇਹ ਸ਼ਰਤਾਂ ਪਹਿਲੇ ਜਾਂ ਦੂਜੇ ਸਾਲ ਦੇ ਵਾਧੇ ਵਾਲੇ ਮੌਜੂਦਾ ਕਰਮਚਾਰੀਆਂ ਤੇ ਵੀ ਹੂ-ਬ-ਹੂ ਲਾਗੂ ਹੋਣਗੀਆਂ।

(ਸ) ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਵੱਲੋਂ ਜਾਰੀ ਪੱਤਰ ਨੰ: 22/2/2012-3 ਐਫ.ਪੀ.2/243 ਮਿਤੀ 22 ਜਨਵਰੀ, 2013 ਨੂੰ ਉਪਰੋਕਤ ਸੋਧਾਂ ਨੂੰ ਧਿਆਨ ਵਿਚ ਰੱਖਦਿਆਂ ਹੇਠਾਂ ਅਨੁਸਾਰ ਸੋਧਿਆ ਜਾਂਦਾ ਹੈ:-

(i) ਲੜੀ ਨੰ: 8 ਵਿਚ 'ਸਪੱਸਟੀਕਰਣ ਦਾ ਉਤਰ' ਕਾਲਮ ਨੂੰ ਹੇਠਾਂ ਅਨੁਸਾਰ ਪੜ੍ਹਿਆ ਜਾਵੇ:-

"ਉਕਤ ਸੋਧ ਜਾਰੀ ਹੋਣ ਤੋਂ ਪਹਿਲਾਂ ਵਧੇ ਹੋਏ ਸੇਵਾ ਕਾਲ ਦੌਰਾਨ ਜੇਕਰ ਕਿਸੇ ਸਰਕਾਰੀ ਕਰਮਚਾਰੀ ਦੀ ਤਨਖਾਹ ਪਦ-ਉਨਤੀ ਜਾਂ ਏ.ਸੀ.ਪੀ. ਦਾ ਲਾਭ ਦੇਣ ਨਾਲ ਨਿਸ਼ਚਿਤ ਹੋ ਚੁੱਕੀ ਹੈ, ਨੂੰ ਪੈਨਸ਼ਨਰੀ ਲਾਭਾਂ ਲਈ ਲਾਸਟ ਪੇ ਡਰਾਨ ਮੰਨਿਆ ਜਾਵੇਗਾ।"

(ii) ਲੜੀ ਨੰ: 11 ਅਤੇ 12 ਰੱਦ ਕੀਤੇ ਜਾਂਦੇ ਹਨ।

ਇਹ ਹਦਾਇਤਾਂ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣਗੀਆਂ।

ਨੱਥੀ: ਉਪਰੋਕਤ ਅਨੁਸਾਰ।

(ਭਗਤ ਸਿੰਘ) 3/11/15
ਅਧੀਨ ਸਕੱਤਰ ਵਿੱਤ (ਬੀ)

ਪਿਠਅੰਕਣ ਨੰ:22/2/2012-3ਐਫ.ਪੀ.2/258 ਮਿਤੀ, ਚੰਡੀਗੜ੍ਹ, 30 ਅਕਤੂਬਰ, 2015

ਇਸ ਦਾ ਉਤਾਰਾ ਸਹਿ-ਪੱਤਰ ਸਮੇਤ ਹੇਠ-ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

(1) ਪ੍ਰਮੁੱਖ ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।

(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

(ਭਗਤ ਸਿੰਘ)
ਅਧੀਨ ਸਕੱਤਰ ਵਿੱਤ (ਬੀ)

ਪਿਠਅੰਕਣ ਨੰ:22/2/2012-3ਐਫ.ਪੀ.2/259 ਮਿਤੀ, ਚੰਡੀਗੜ੍ਹ, 30 ਅਕਤੂਬਰ, 2015

ਇਸ ਦਾ ਇਕ ਉਤਾਰਾ ਸਹਿ-ਪੱਤਰ ਸਮੇਤ ਹੇਠ-ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

(1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
(2) ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅਧੀਨ ਸਕੱਤਰ ਵਿੱਤ (ਬੀ)

ਪਿਠਅੰਕਣ ਨੰ:22/2/2012-3ਐਫ.ਪੀ.2/260 ਮਿਤੀ, ਚੰਡੀਗੜ੍ਹ, 30 ਅਕਤੂਬਰ, 2015

ਇਸ ਦਾ ਇਕ ਉਤਾਰਾ ਸਹਿ-ਪੱਤਰ ਸਮੇਤ ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਅਫਸਰਾਂ/ਖਜ਼ਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਵਿੱਤ (ਬੀ)

ਪਿਠਅੰਕਣ ਨੰ:22/2/2012-3ਐਫ.ਪੀ.2/261 ਮਿਤੀ, ਚੰਡੀਗੜ੍ਹ, 30 ਅਕਤੂਬਰ, 2015

ਇਸ ਦਾ ਇਕ ਉਤਾਰਾ ਸਹਿ-ਪੱਤਰ ਸਮੇਤ ਮੈਨੇਜਿੰਗ ਡਾਇਰੈਕਟਰ, ਪੰਜਾਬ ਇਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀ ਇਸ ਪਾਲਿਸੀ ਨੂੰ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ।

ਅਧੀਨ ਸਕੱਤਰ ਵਿੱਤ (ਬੀ)

ਅਨੈਕਸਚਰ- 'ੳ'

**ਸਰਕਾਰੀ ਕਰਮਚਾਰੀ ਜਿਨ੍ਹਾਂ ਵੱਲੋਂ ਸੇਵਾ ਨਵਿਰਤੀ ਉਪਰੰਤ ਸੇਵਾਕਾਲ ਵਿਚ ਵਾਧਾ ਲੈਣਾ ਹੈ, ਵੱਲੋਂ ਦਿੱਤੀ ਜਾਣ ਵਾਲੀ ਆਪਸ਼ਨ ਦਾ ਪ੍ਰੋਫਾਰਮਾ।**

ਮੈਂ ---------------------------------- ਪੁੱਤਰ/ਪੁੱਤਰੀ/ਪਤਨੀ ------------------- ਅਹੁਦਾ ----------------- ਦਫਤਰ/ਵਿਭਾਗ -----------------------------------------ਇਸ ਸਮੇਂ ਸੇਵਾ ਨਵਿਰਤੀ ਦੀ ਵੱਧ ਵਰ੍ਹਾ ਉਮਰ ਉਪਰੰਤ ਮਿਤੀ ----------------- ਤੋਂ ਸੇਵਾਕਾਲ ਵਿਚ ਪਹਿਲੇ/ਦੂਜੇ ਸਾਲ ਦਾ ਵਾਧਾ ਲੈਣ.ਲਈ ਆਪਣੀ ਆਪਸ਼ਨ ਦਿੰਦਾ/ਦਿੰਦੀ ਹਾਂ।

2. ਮੈਂ ਬਿਆਨ ਕਰਦਾ/ਕਰਦੀ ਹਾਂ ਕਿ ਮੈਨੂੰ ਪੰਜਾਬ ਸਰਕਾਰ ਦੇ ਪੱਤਰ ਨੰ: 22/2/2012-3ਐਫ.ਪੀ.2/257 ਮਿਤੀ 30 ਅਕਤੂਬਰ, 2015, ਵਿਚ ਦਰਜ ਸਾਰੀਆਂ ਸ਼ਰਤਾਂ ਮਨਜ਼ੂਰ ਹਨ ਅਤੇ ਮੈਂ ਇਨ੍ਹਾਂ ਦੀ ਪਾਲਣਾ ਕਰਨ ਲਈ ਵਚਨਬੱਧ ਹੋਵਾਗਾਂ/ਹੋਵਾਂਗੀ।

ਸਬੰਧਤ ਅਧਿਕਾਰੀ/ਕਰਮਚਾਰੀ ਦੇ ਹਸਤਾਖਰ

ਮਿਤੀ:

**ਅਨੈਕਸਚਰ- 'ਅ'**

**ਸਰਕਾਰੀ ਕਰਮਚਾਰੀ ਜੋ ਪਹਿਲੇ ਜਾਂ ਦੂਜੇ ਸਾਲ ਦੇ ਵਾਧੇ ਤੇ ਹਨ, ਵੱਲੋਂ ਦਿੱਤੀ ਜਾਣ ਵਾਲੀ ਆਪਸ਼ਨ ਦਾ ਪ੍ਰੋਫਾਰਮਾ।**

ਮੈਂ -------------------------------- ਪੁੱਤਰ/ਪੁੱਤਰੀ/ਪਤਨੀ -------------------- ਅਹੁਦਾ ------------------ ਦਫਤਰ/ਵਿਭਾਗ ---------------------------------------------ਇਸ ਸਮੇਂ ਸੇਵਾ ਨਵਿਰਤੀ ਦੀ ਵੱਧ ਵਰ੍ਹਾ ਉਮਰ ਉਪਰੰਤ ਮਿਤੀ ----------------- ਤੋਂ ਸੇਵਾਕਾਲ ਵਿਚ ਵਾਧੇ ਦੇ ਪਹਿਲੇ/ਦੂਜੇ ਸਾਲ ਵਿਚ ਚਲ ਰਿਹਾ/ਰਹੀ ਹਾਂ।

2. ਮੈਂ ਪੰਜਾਬ ਸਰਕਾਰ ਦੇ ਪੱਤਰ ਨੰ: ਨੰ: 22/2/2012-3ਐਫ.ਪੀ.2/257 ਮਿਤੀ 30 ਅਕਤੂਬਰ, 2015 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਸੇਵਾਕਾਲ ਵਿਚ ਪਹਿਲੇ/ਦੂਜੇ ਸਾਲ ਦੇ ਵਾਧੇ ਨੂੰ ਜਾਰੀ ਰੱਖਣ ਲਈ ਆਪਣੀ ਆਪਸ਼ਨ ਦਿੰਦਾ/ਦਿੰਦੀ ਹਾਂ।

3. ਮੈਂ ਬਿਆਨ ਕਰਦਾ/ਕਰਦੀ ਹਾਂ ਕਿ ਮੈਨੂੰ ਪੰਜਾਬ ਸਰਕਾਰ ਦੇ ਉਪਰੋਕਤ ਪੱਤਰ ਵਿਚ ਦਰਜ ਸਾਰੀਆਂ ਸ਼ਰਤਾਂ ਮਨਜ਼ੂਰ ਹਨ ਅਤੇ ਮੈਂ ਇਨ੍ਹਾਂ ਦੀ ਪਾਲਣਾ ਕਰਨ ਲਈ ਵਚਨਬੱਧ ਹੋਵਾਗਾਂ/ਹੋਵਾਂਗੀ।

ਸਬੰਧਤ ਅਧਿਕਾਰੀ/ਕਰਮਚਾਰੀ ਦੇ ਹਸਤਾਖਰ

ਮਿਤੀ:

**PART III**

**GOVERNMENT OF PUNJAB**

DEPARTMENT OF FINANCE
(Finance Personnel II Branch)

**NOTIFICATION**

The 30th October, 2015

**No. G.S.R. 57/Const./Art.309/Amd./2015.**-In exercise of the powers conferred by the proviso to article 309 of the Constitution of India and all other powers enabling him in this behalf, the Governor of Punjab is pleased to make the following rules further to amend the Punjab Civil Services Rules, Volume I, Part I namely:-

1. (1) These rules may be called the Punjab Civil Services (Second Amendment) Rules, 2015;

(2) They shall come into force on and with effect from the date of their publication in the Official Gazette.

2. In the Punjab Civil Services Rules, Volume I, Part I (hereinafter referred to as the said rules), in rule 3.26, for sub-rules (a) and (b), the following sub-rules shall be substituted, namely: -

"(a) Except as otherwise provided in this rule, the date of retirement of a Government employee shall be as follows, namely:-

(i) fifty-eight years in the case of Group 'A', 'B' and 'C' employees; and

(ii) sixty years in the case of Group 'D' employees:

Provided that if the State Government is of the opinion that it is necessary and expedient so to do in public interest, the Service of a Government employee or a class of Government employees, may be extended for a period of two years on yearly basis, subject, however, to giving an option within a period of three months before the date of retirement by the Government employee, who seeks extension:

Provided further that a Government employee, who is already on extension, shall also give fresh option within a period of one month from the date of publication of these rules:

Provided further that no Government employee, shall be retained in Service, after the completion of his extended period of Service. However under exceptional circumstances, if the State Government considers it necessary and expedient so to do in public interest, it may extend the Service

of a Government employee beyond the aforesaid limit, for the reasons to be recorded, in writing.

(b) Notwithstanding anything contained contrary in these rules or any other rules for the time being in force, during the extended period of Service under clause (a), the Government employee shall be entitled to pay equal to the pay last drawn by him, on attaining the age of fifty-eight years or sixty years including an employee, who is already on extension, as the case may be:

Provided that the Government employee, whose Service is extended, shall not be entitled to,-

(i) promotion;

(ii) the benefit of Assured Career Progression;

(iii) an annual increment; and

(iv) any revision of pay made by the State Government:

Provided further that the pay of the Government employee already on extension, who has been given promotion or the benefit of Assured Career Progression during the extended period till the issue of this notification, shall be protected and he shall be given the retiral benefits on the basis of his protected pay."

3. In the said rules, in rule 8.21,-

(i) for sub-rule (b), the following sub-rule shall be substituted, namely:-

"(b) In case of a Government employee, who is granted extension in Service, on the completion of his extended period of Service, shall be entitled to draw cash equivalent to un-utilized earned leave at his credit on the date of his superannuation:

Provided that a Government employee, who continues in Service after his superannuation, shall earn leave at the rate applicable to him on the date of his superannuation:

Provided further that if a Government employee, avails earned leave in excess of leave earned by him during the period of his extension, in that case the excess leave availed by him, shall be deducted from the un-utilized leave at his credit on the date of his superannuation."; and

(iii) sub-rule (d), except the Notes given thereunder, shall be omitted.

**D.P. REDDY,**
Principal Secretary to Government of Punjab,
Department of Finance.

*0879/10-2015/Pb. Govt. Press, S.A.S. Nagar*

**PART III**

**GOVERNMENT OF PUNJAB**

DEPARTMENT OF FINANCE
(FINANCE PERSONNEL-II BRANCH)

**NOTIFICATION**

The 30th October, 2015

**No. G.S.R. 58/Const./Art.309/Amd./2015.**-In exercise of the powers conferred by the proviso to article 309 of the Constitution of India and all other powers enabling him in this behalf, the Governor of Punjab is pleased to make the following rules further to amend the Punjab Civil Services Rules, Volume II, namely:-

**RULES**

1. (1) These rules may be called the Punjab Civil Services Volume II (First Amendment) Rules, 2015.

(2) They shall come into force on and with effect from the date of their publication in the Official Gazette.

2. In the Punjab Civil Services Rules, Volume II, in rule 3.17-A, in sub-rule (1), after clause (ix), the following clause shall be inserted, namely:-

"(x) Service rendered beyond the date of retirement on superannuation in terms of rule 3.26 of Punjab Civil Services Rules, Volume I, Part 1."

**D.P. REDDY,**
Principal Secretary to Government of Punjab,
Department of Finance.

*0879/10-2015/Pb. Govt. Press, S.A.S. Nagar*